# ਸੁਣਨ ਅਤੇ ਬੋਲਣ ਦੀ ਜਾਂਚ ਸੂਚੀ
## (ਤੁਹਾਡੇ ਬੱਚੇ ਦੀ ਸੁਣਨ ਸ਼ਕਤੀ ਦੀ ਨਿਗਰਾਨੀ ਵਿੱਚ ਸਹਾਇਤਾ ਲਈ)

### ਜਨਮ ਤੋਂ 3 ਮਹੀਨੇ ਤੱਕ

- ☐ ਜਾਣੀਆਂ ਪਛਾਣੀਆਂ ਆਵਾਜ਼ਾਂ ਜਾਂ ਬੋਲਾਂ ਨਾਲ ਸ਼ਾਂਤ ਹੋ ਜਾਂਦਾ ਹੈ
- ☐ ਅਚਾਨਕ ਖੜਾਕ ਹੋਣ ਤੇ ਡਰਦਾ ਜਾਂ ਉਛਲਦਾ ਹੈ

### 3 ਤੋਂ 6 ਮਹੀਨੇ

- ☐ ਦਿਲਚਸਪ ਆਵਾਜ਼ਾਂ ਵੱਲ ਸਿਰ ਮੋੜਦਾ ਜਾਂ ਵੇਖਦਾ ਹੈ
- ☐ ਇਉਂ ਜਾਪਦਾ ਹੈ ਜਿਵੇਂ ਸੁਣਦਾ ਹੈ
- ☐ ਆਵਾਜ਼ ਨਾਲ ਛੇਤੀ ਜਾਗਦਾ ਹੈ
- ☐ ਬੋਲਣ ਵਰਗੀਆਂ ਆਵਾਜ਼ਾਂ ਬਨਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ

### 6 ਤੋਂ 12 ਮਹੀਨੇ

- ☐ ਸਾਧਾਰਣ ਸ਼ਬਦਾਂ ਨੂੰ ਜਿਵੇਂ 'ਨਾਂਹ' ਅਤੇ 'ਅਲਵਿਦਾ' ਨੂੰ ਸਮਝਦਾ ਹੈ
- ☐ ਬੋਲਣ ਵਾਲੀਆਂ ਆਵਾਜ਼ਾਂ ਦੀ ਨਕਲ ਕਰਨੀ ਸ਼ੁਰੂ ਕਰਨੀ
- ☐ ਹੌਲੀ ਬੋਲੀਆਂ ਆਵਾਜ਼ਾਂ ਵੱਲ ਸਿਰ ਕਰਨਾ

### 12 ਤੋਂ 18 ਮਹੀਨੇ

- ☐ ਇਉਂ ਜਾਪਦਾ ਹੈ ਹਰੇਕ ਹਫਤੇ ਹੋਰ ਸ਼ਬਦਾਂ ਨੂੰ ਸਮਝਦਾ ਹੈ
- ☐ ਜਦੋਂ ਪੁੱਛਿਆ ਜਾਂਦਾ ਹੈ, ਲੋਕਾਂ ਵੱਲ, ਸਰੀਰ ਦੇ ਅੰਗਾਂ ਜਾਂ ਖਿਡਾਉਣਿਆਂ ਵੱਲ ਇਸ਼ਾਰਾ ਕਰਦਾ ਹੈ
- ☐ ਸਾਧਾਰਣ ਬੋਲਣ ਦੇ ਨਿਰਦੇਸ਼ਾਂ ਜਿਵੇਂ 'ਬੈਠ ਜਾਓ' ਦੀ ਪਾਲਣਾ ਕਰਦਾ ਹੈ
- ☐ ਦੋ ਤੋਂ ਤਿੰਨ ਅਸਲੀ ਸ਼ਬਦ ਜਿਵੇਂ 'ਗੇਂਦ', 'ਕੁੱਤਾ', 'ਕਾਰ' ਬੋਲਦਾ ਹੈ

## ਮੇਰੇ ਬੱਚੇ ਦੀ ਔਡੀਓਲੋਜਿਸਟ ਨਾਲ ਮੁਲਾਕਾਤ

ਔਡੀਓਲੋਜਿਸਟ ਤੁਹਾਡੇ ਬੱਚੇ ਦੀ ਸੁਣਨ ਸ਼ਕਤੀ ਨੂੰ 12 ਮਹੀਨਿਆਂ ਦੀ ਉਮਰ ਤੋਂ ਕੁਝ ਚਿਰ ਪਹਿਲਾਂ ਜਾਂਚਣਾ ਚਾਹੇਗਾ। ਉਹ ਤੁਹਾਨੂੰ ਸਮਾਂ ਤਹਿ ਕਰਨ ਵਾਸਤੇ ਸੰਪਰਕ ਕਰਨਗੇ।

### ਔਡੀਓਲੋਜੀ ਮੁਲਾਕਾਤ

ਔਡੀਓਲੋਜੀ ਸੇਵਾ: ..............................................................................

ਪਤਾ: ..............................................................................

ਟੈਲੀਫੋਨ ਨੰਬਰ: ..............................................................................

ਸੰਪਰਕ ਵਿਅਕਤੀ: ..............................................................................

ਤਰੀਕ ਅਤੇ ਸਮਾਂ: ..............................................................................

## ਜੇਕਰ ਅਸੀਂ ਮੁਲਾਕਾਤ ਉਪਰ ਨਹੀਂ ਪਹੁੰਚ ਸਕਦੇ ਤਾਂ ਕੀ ਹੋਵੇਗਾ?

ਜੇਕਰ ਤੁਸੀਂ ਆਪਣੀ ਮੁਲਾਕਾਤ ਤੇ ਹਾਜ਼ਰ ਨਹੀਂ ਹੋ ਸਕਦੇ, ਆਪਣੇ ਔਡੀਓਲੋਜਿਸਟ ਨੂੰ ਦੁਬਾਰਾ ਮੁਲਾਕਾਤ ਤਹਿ ਕਰਨ ਲਈ ਸੂਚਿਤ ਕਰੋ।

## ਜੇਕਰ ਅਸੀਂ ਘਰ ਬਦਲ ਲੈਂਦੇ ਹਾਂ ਤਾਂ ਕੀ ਹੋਵੇਗਾ?

ਜੇਕਰ ਤੁਸੀਂ ਦੂਸਰੇ ਕਸਬੇ ਜਾਂ ਸ਼ਹਿਰ ਵਿੱਚ ਚਲੇ ਗਏ ਹੋ, ਆਪਣੇ ਉਪਰ ਲਿਖੇ ਔਡੀਓਲੋਜਿਸਟ ਨੂੰ ਫੋਨ ਕਰੋ ਅਤੇ ਉਹ ਤੁਹਾਨੂੰ ਤੁਹਾਡੇ ਨੇੜੇ ਦੀ ਔਡੀਓਲੋਜੀ ਸੇਵਾ ਦੇ ਬਾਰੇ ਸਲਾਹ ਦੇਣ ਦੇ ਯੋਗ ਹੋਣਗੇ।

ਜੇਕਰ ਤੁਹਾਡੇ ਸੰਪਰਕ ਵੇਰਵੇ ਜਾਂ ਪਤਾ ਬਦਲ ਗਿਆ ਹੈ ਕਿਰਪਾ ਕਰਕੇ ਔਡੀਓਲੋਜੀ ਸੇਵਾ ਨੂੰ ਇਸ ਬਾਰੇ ਦੱਸੋ ਤਾਂ ਜੋ ਉਹ ਤੁਹਾਨੂੰ ਮੁਲਾਕਾਤਾਂ ਬਾਰੇ ਸੂਚਿਤ ਕਰ ਸਕਣ।

ਆਪਣੇ ਬੱਚੇ ਦੇ ਇਕ ਸਾਲ ਦਾ ਹੋਣ ਤੱਕ ਜੇਕਰ ਤੁਸੀਂ ਆਪਣੇ ਔਡੀਓਲੋਜਿਸਟ ਪਾਸੋਂ ਕੁਝ ਨਹੀਂ ਸੁਣਦੇ ਮੁਲਾਕਾਤ ਤਹਿ ਕਰਨ ਲਈ ਆਪਣੇ ਔਡੀਓਲੋਜਿਸਟ ਨਾਲ ਸੰਪਰਕ ਕਰੋ।

ਸੁਣਨ ਸ਼ਕਤੀ ਦੀ ਜਾਂਚ ਕਿਸੇ ਉਮਰ ਵਿੱਚ ਵੀ ਕੀਤੀ ਜਾ ਸਕਦੀ ਹੈ। ਜੇਕਰ ਤੁਹਾਡੇ ਕੋਲ ਔਡੀਓਲੋਜਿਸਟ ਕੋਲ ਜਾਣ ਦਾ ਚਲੰਤ ਹਵਾਲਾ ਨਹੀਂ ਹੈ ਅਤੇ ਆਪਣੇ ਬੱਚੇ ਦੀ ਸੁਣਨ ਸ਼ਕਤੀ ਦੇ ਬਾਰੇ ਚਿੰਤਤ ਹੋ, ਔਡੀਓਲੋਜਿਸਟ ਦੁਆਰਾ ਉਹਨਾਂ ਦੀ ਸੁਣਨ ਸ਼ਕਤੀ ਦੀ ਜਾਂਚ ਕਰਵਾਉਣ ਵਾਸਤੇ ਆਪਣੇ ਬੱਚੇ ਦੇ ਡਾਕਟਰ ਨੂੰ ਜਾਂ ਸਥਾਨਿਕ ਡਾਕਟਰੀ ਕਰਮਚਾਰੀਆਂ ਨੂੰ ਹਵਾਲੇ ਬਾਰੇ ਪੁੱਛੋ।

# Healthy Hearing Program
# ਹੈਲਥੀ ਹੀਅਰਿੰਗ ਪ੍ਰੋਗਰਾਮ




## Your Baby's Follow-Up Hearing Test
## ਤੁਹਾਡੇ ਬੱਚੇ ਦੀ ਅਗਲੇਰੀ ਸੁਣਨ ਸ਼ਕਤੀ ਵਾਲੀ ਜਾਂਚ

ਬੱਚੇ ਦੀ ਸੁਣਨ ਦੀ ਸ਼ਕਤੀ ਸਮੇਂ ਨਾਲ ਬਦਲ ਸਕਦੀ ਹੈ।

ਇਹ ਕਿਤਾਬਚਾ ਵਿਆਖਿਆ ਕਰਦਾ ਹੈ ਕਿ ਕੁਝ ਬੱਚਿਆਂ ਦੀ ਉਹਨਾਂ ਦੇ **ਪਹਿਲੇ ਜਨਮ ਦਿਨ** ਤੱਕ ਦੋਬਾਰਾ ਜਾਂ ਉਸ ਤੋਂ ਪਹਿਲਾਂ **6 ਹਫ਼ਤਿਆਂ ਦੀ ਉਮਰੇ** ਕੁਝ ਪਛਾਣੇ ਹੋਏ ਖਤਰੇ ਦੇ ਕਾਰਕਾਂ ਕਰਕੇ ਸੁਣਨ ਸ਼ਕਤੀ ਵਾਲੀ ਜਾਂਚ ਕਰਵਾਉਣੀ ਕਿਉਂ ਮਹੱਤਵਪੂਰਣ ਹੈ।

Queensland Government

# ਤੰਦਰੁਸਤ ਸੁਣਨ ਸ਼ਕਤੀ ਜ਼ਿੰਦਗੀ ਦੇ ਪਹਿਲੇ ਮਹੀਨਿਆਂ ਤੋਂ ਸ਼ੁਰੂ ਕਰਕੇ ਤੁਹਾਡੇ ਬੱਚੇ ਦੇ ਬੋਲਣ ਅਤੇ ਭਾਸ਼ਾ ਦੇ ਵਿਕਾਸ ਲਈ ਨਾਜ਼ੁਕ ਹੈ

## ਮੇਰੇ ਬੱਚੇ ਨੇ ਸੁਣਨ ਸ਼ਕਤੀ ਦੀ ਛਾਣਬੀਣ ਪਾਸ ਕਰ ਲਈ ਸੀ, ਉਹਨਾਂ ਦੀ ਸੁਣਨ ਸ਼ਕਤੀ ਦੀ ਇਕ ਹੋਰ ਜਾਂਚ ਕਰਨ ਦੀ ਕੀ ਲੋੜ ਹੈ?

ਤੁਹਾਡੇ ਬੱਚੇ ਨੂੰ ਇਕ ਜਾਂ ਜ਼ਿਆਦਾ ਖਤਰੇ ਵਾਲੇ ਕਾਰਕ ਹਨ ਜੋ ਉਹਨਾਂ ਦੇ ਬੋਲੇ ਹੋਣ ਦੇ ਵਿਕਾਸ ਨੂੰ ਵਧਾ ਸਕਦੇ ਹਨ ਜਦੋਂ ਉਹ ਵੱਡੇ ਹੁੰਦੇ ਹਨ।

ਜੇਕਰ ਤੁਹਾਡੇ ਬੱਚੇ ਨੂੰ ਹੇਠ ਲਿਖਿਆਂ ਖਤਰੇ ਦੇ ਕਾਰਕਾਂ ਵਿੱਚੋਂ ਕੋਈ ਵੀ ਹੈ ਉਹਨਾਂ ਦੀ ਸੁਣਨ ਸ਼ਕਤੀ ਦੀ ਛਾਣਬੀਣ ਦੇ 6 ਹਫ਼ਤਿਆਂ ਦੇ ਅੰਦਰ ਉਹਨਾਂ ਦੀ ਸਮੀਖਿਆ ਕੀਤੀ ਜਾਵੇਗੀ:

- ਬੋਲੇਪਨ ਨਾਲ ਸਬੰਧਿਤ ਲੱਛਣ
- ਸਿਰ/ਚਿਹਰੇ ਦੇ ਢਾਂਚੇ ਦੀ ਸਮੱਸਿਆ ਜਿਵੇਂ ਤਾਲੂ ਵਿੱਚ ਦਰਾੜ

ਜੇਕਰ ਹੇਠ ਲਿਖਿਆਂ ਖਤਰੇ ਦੇ ਕਾਰਕਾਂ ਵਿੱਚੋਂ ਇਕ ਜਾਂ ਜ਼ਿਆਦਾ ਹਾਜ਼ਰ ਹਨ ਤੁਹਾਡੇ ਬੱਚੇ ਦੀ ਉਹਨਾਂ ਦੇ ਪਹਿਲੇ ਜਨਮ ਦਿਨ ਤੋਂ ਪਹਿਲਾਂ ਸਮੀਖਿਆ ਕੀਤੀ ਜਾਵੇਗੀ:

- ਪੱਕੇ ਬੋਲੇਪਨ ਦਾ ਪਰਿਵਾਰਕ ਇਤਿਹਾਸ: ਇਸ ਦਾ ਮਤਲਬ ਮਾਪਿਆਂ ਜਾਂ ਭੈਣ ਭਰਾਵਾਂ ਨੂੰ ਬਚਪਨ ਤੋਂ ਬੋਲਾਪਨ
- ਗਰਭ ਜਾਂ ਜਨਮ ਸਮੇਂ ਛੂਤ ਦੀ ਲਾਗ ਲੱਗਣਾ
- ਜਨਮ ਤੋਂ 5 ਦਿਨ ਬਾਅਦ ਤੱਕ ਸਾਹ ਦੇ ਸਹਾਰੇ ਵਾਲੀ ਮਸ਼ੀਨ ਦਾ ਸਹਿਯੋਗ
- ਗੰਭੀਰ ਪੀਲੀਆ

ਭਾਂਵੇਂ ਕਿ ਇਹਨਾਂ ਖਤਰੇ ਵਾਲੇ ਕਾਰਕਾਂ ਵਾਲੇ ਸਿਰਫ ਥੋੜ੍ਹੀ ਗਿਣਤੀ ਦੇ ਬੱਚਿਆਂ ਵਿੱਚ ਬੋਲੇਪਨ ਦਾ ਵਿਕਾਸ ਹੁੰਦਾ ਹੈ, ਇਹ ਫਿਰ ਵੀ ਤੁਹਾਡੇ ਬੱਚੇ ਦੀ ਸੁਣਨ ਸ਼ਕਤੀ ਦੀ ਔਡੀਓਲੋਜਿਸਟ ਜਾਂਚ ਮਹੱਤਵਪੂਰਣ ਹੈ ਜਦੋਂ ਉਹ ਥੋੜ੍ਹੇ ਵੱਡੇ ਹੁੰਦੇ ਹਨ।

## ਔਡੀਓਲੋਜਿਸਟ ਕੌਣ ਹੁੰਦਾ ਹੈ?

ਔਡੀਓਲੋਜਿਸਟ ਸੁਣਨ ਦਾ ਮਾਹਰ ਹੈ ਜਿਸ ਕੋਲ ਵਿਸਥਾਰ ਵਾਲੀਆਂ ਸੁਣਨ ਦੀਆਂ ਜਾਂਚਾਂ ਕਰਨ ਵਾਲੇ ਹੁਨਰ ਅਤੇ ਉਪਕਰਣ ਹੁੰਦੇ ਹਨ।

## ਮੇਰਾ ਬੱਚਾ ਆਵਾਜ਼ਾਂ ਦਾ ਜਵਾਬ ਦਿੰਦਾ ਲੱਗਦਾ ਹੈ। ਕੀ ਉਹਨਾਂ ਨੂੰ ਅਜੇ ਵੀ ਅਗਲੇਰੀਆਂ ਸੁਣਨ ਸ਼ਕਤੀ ਦੀਆਂ ਜਾਂਚਾਂ ਲੋੜ ਹੈ?

ਬੋਲੇਪਨ ਵਾਲੇ ਬਹੁਤੇ ਬੱਚੇ ਹਾਲੇ ਵੀ ਸੁਣ ਅਤੇ ਕੁਝ ਆਵਾਜ਼ਾਂ ਦਾ ਜਵਾਬ ਦੇ ਸਕਣਗੇ। ਇਸ ਲਈ ਠੀਕ ਜਾਂਚ ਤੋਂ ਬਿਨਾਂ ਬੋਲੇਪਨ ਦੀ ਪਛਾਣ ਕਰਨਾ ਅਸੰਭਵ ਹੈ।

**ਜੇਕਰ ਤੁਸੀਂ ਆਪਣੇ ਬੱਚੇ ਦੀ ਸੁਣਨ ਸ਼ਕਤੀ ਤੋਂ ਚਿੰਤਾਤੁਰ ਹੋ ਗਏ ਹੋ, ਤੁਸੀਂ ਆਪਣੇ ਔਡੀਓਲੋਜਿਸਟ ਨੂੰ ਜਲਦੀ ਮੁਲਾਕਾਤ ਲਈ ਫੋਨ ਕਰ ਸਕਦੇ ਹੋ।**

## ਜਾਂਚ ਦੇ ਦੌਰਾਨ ਕੀ ਹੋਵੇਗਾ?

ਤੁਹਾਡਾ ਔਡੀਓਲੋਜਿਸਟ ਕਈ ਸਾਰੀਆਂ ਵੱਖ ਵੱਖ ਜਾਂਚਾਂ ਕਰੇਗਾ। ਹਰੇਕ ਜਾਂਚ ਤੁਹਾਡੇ ਬੱਚੇ ਦੀ ਸੁਣਨ ਵਾਲੀ ਪ੍ਰਣਾਲੀ ਦੇ ਵੱਖਰੇ ਹਿੱਸੇ ਦੀ ਜਾਂਚ ਕਰਦੀ ਹੈ। ਉਹ ਮੁਲਾਕਾਤ ਦੇ ਦੌਰਾਨ ਹਰੇਕ ਜਾਂਚ ਅਤੇ ਨਤੀਜਿਆਂ ਦੀ ਵਿਆਖਿਆ ਕਰਨਗੇ।

ਜਾਂਚਾਂ ਇਹ ਪੁਸ਼ਟੀ ਕਰਨਗੀਆਂ ਕਿ ਕੀ ਤੁਹਾਡੇ ਬੱਚੇ ਦੀ ਸੁਣਨ ਸ਼ਕਤੀ ਠੀਕ ਹੈ ਜਾਂ ਜੇਕਰ ਉਹਨਾਂ ਵਿੱਚ ਬੋਲੇਪਨ ਦਾ ਵਿਕਾਸ ਹੋ ਰਿਹਾ ਹੈ।



**ਨਤੀਜਿਆਂ ਨੂੰ ਪ੍ਰਾਪਤ ਕਰਨ ਲਈ ਤੁਹਾਡੇ ਬੱਚੇ ਨੂੰ ਇਕ ਜਾਂ ਦੋ ਮੁਲਾਕਾਤਾਂ ਦੀ ਲੋੜ ਪੈ ਸਕਦੀ ਹੈ।**

## ਸੁਣਨ ਸ਼ਕਤੀ ਦੀ ਜਾਂਚ ਉਪਰ ਕਿੰਨ੍ਹਾਂ ਖਰਚ ਹੋਵੇਗਾ?

ਜਨਤਕ ਔਡੀਓਲੋਜੀ ਸੇਵਾਵਾਂ ਮੁਫ਼ਤ ਸੇਵਾ ਪ੍ਰਦਾਨ ਕਰਦੀਆਂ ਹਨ ਅਤੇ ਮੈਡੀਕੇਅਰ ਦੇ ਯੋਗ ਬੱਚਿਆਂ ਲਈ ਉਪਲਬਧ ਹੈ, ਭਾਂਵੇਂ ਕਿ ਉਹ ਬੱਚੇ ਸਰਕਾਰੀ ਜਾਂ ਪ੍ਰਾਈਵੇਟ ਹਸਪਤਾਲਾਂ ਵਿੱਚ ਪੈਦਾ ਹੋਏ ਹੋਣ। ਜੇਕਰ ਤੁਸੀਂ ਪ੍ਰਾਈਵੇਟ ਔਡੀਓਲੋਜਿਸਟ ਕੋਲ ਜਾਣਾ ਚੁਣਦੇ ਹੋ ਤੁਹਾਨੂੰ ਮੁਲਾਕਾਤ ਤੋਂ ਪਹਿਲਾਂ ਖਰਚੇ ਬਾਰੇ ਉਹਨਾਂ ਨਾਲ ਵਿਚਾਰ ਕਰਨਾ ਚਾਹੀਦਾ ਹੈ।

ਤੁਹਾਡਾ ਸੁਣਨ ਦੀ ਜਾਂਚ ਕਰਨ ਵਾਲਾ ਤੁਹਾਡੇ ਖੇਤਰ ਵਿੱਚ ਉਪਲਬਧ ਔਡੀਓਲੋਜੀ ਸੇਵਾਵਾਂ ਦੇ ਵੇਰਵੇ ਪ੍ਰਦਾਨ ਕਰੇਗਾ।

## ਜੇਕਰ ਮੇਰੇ ਬੱਚੇ ਨੂੰ ਬੋਲਾਪਨ ਹੈ ਤਾਂ ਕੀ ਹੋਵੇਗਾ?

ਜੇਕਰ ਤੁਹਾਡੇ ਬੱਚੇ ਨੂੰ ਆਰਜ਼ੀ ਬੋਲਾਪਨ ਹੈ, ਤੁਹਾਡਾ ਔਡੀਓਲੋਜਿਸਟ ਉਹਨਾਂ ਨੂੰ ਦੋਬਾਰਾ ਵੇਖਣਾ ਚਾਹੇਗਾ। ਜੇਕਰ ਆਰਜ਼ੀ ਬੋਲੇਪਨ ਵਿੱਚ ਸੁਧਾਰ ਨਹੀਂ ਹੁੰਦਾ ਤਾਂ ਔਡੀਓਲੋਜਿਸਟ ਤੁਹਾਡੇ ਬੱਚੇ ਨੂੰ ਕੰਨ ਨੱਕ ਅਤੇ ਗਲੇ (ਈ ਐਨ ਟੀ) ਦੇ ਮਾਹਰ ਕੋਲ ਭੇਜਣ ਦੀ ਸਿਫਾਰਸ਼ ਕਰੇਗਾ।

ਜੇਕਰ ਤੁਹਾਡੇ ਬੱਚੇ ਨੂੰ ਪੱਕਾ ਬੋਲਾਪਨ ਹੈ ਤੁਹਾਡਾ ਔਡੀਓਲੋਜਿਸਟ ਤੁਹਾਡੇ ਬੱਚੇ ਨੂੰ ਇਹਨਾਂ ਵਿੱਚੋਂ ਕੁਝ ਜਾਂ ਸਭ ਕੋਲ ਭੇਜੇਗਾ:

- ਬੱਚਿਆਂ ਦਾ ਸੁਣਨ ਵਾਲਾ ਹਸਪਤਾਲ (ਚਾਈਲਡਹੁੱਡ ਹੀਅਰਿੰਗ ਕਲੀਨਿਕ)
- ਕੰਨ ਨੱਕ ਅਤੇ ਗਲੇ ਦਾ ਮਾਹਰ (ਈਅਰ ਨੋਜ਼ ਐਂਡ ਥਰੋਟ ਸਪੈਸ਼ਲਿਸਟ)
- ਬੱਚਿਆਂ ਦਾ ਡਾਕਟਰ
- ਆਸਟ੍ਰੇਲੀਅਨ ਹੀਅਰਿੰਗ (ਸੁਣਨ ਵਾਲੇ ਯੰਤਰ ਲਾਉਣ ਲਈ)
- ਕੁਈਂਜ਼ਲੈਂਡ ਹੀਅਰਿੰਗ ਲੌਸ ਫੈਮਿਲੀ ਸੁਪੋਰਟ ਸਰਵਿਸ (ਕਿਊ ਐਚ ਐਲ ਐਫ਼ ਐਸ ਐਸ)
- ਮਾਹਰਾਂ ਦੀਆਂ ਹੋਰ ਸੇਵਾਵਾਂ ਜਿਵੇਂ ਲੋੜੀਂਦੀਆਂ ਹੋਣ।

ਕਿਊ ਐਚ ਐਲ ਐਫ਼ ਐਸ ਐਸ ਇਹਨਾਂ ਸੇਵਾਵਾਂ ਨੂੰ ਤੁਹਾਡੇ ਨਾਲ ਜੋੜਨ ਵਿੱਚ ਸਹਾਇਤਾ ਕਰੇਗਾ।

**ਬੋਲੇਪਨ ਨੂੰ ਜਲਦੀ ਪਕੜਨਾ ਤੁਹਾਡੇ ਬੱਚੇ ਦੀ ਬੋਲਣ ਅਤੇ ਭਾਸ਼ਾ ਦੇ ਵਿਕਾਸ ਵਿੱਚ ਸਹਾਇਤਾ ਕਰਨ ਦਾ ਸਭ ਤੋਂ ਵਧੀਆ ਮੌਕਾ ਪਰਦਾਨ ਕਰਦਾ ਹੈ। ਇਹ ਉਹਨਾਂ ਦੇ ਭਵਿੱਖ ਦੀ ਸਿੱਖਿਆ, ਸਮਾਜਿਕ ਅਤੇ ਭਾਵਨਾਤਮਿਕ ਭਲਾਈ ਲਈ ਮਹੱਤਵਪੂਰਣ ਹੈ।**



Reviewed 2018